British Columbia's
Office of the Human Rights
Commissioner

# ਬੀ.ਸੀ. ਦਾ *ਹਿਊਮਨ ਰਾਈਟਸ ਕੋਡ*: ਰਿਹਾਇਸ਼ਾਂ

ਪੇਸ਼ਕਰਤਾ ਦਾ ਨਾਂ:



# ਏਜੰਡਾ

- ਆਰੰਭ ਅਤੇ ਜਾਣ-ਪਛਾਣ
- ਬੀ.ਸੀ. ਦੇ *ਹਿਊਮਨ ਰਾਈਟਸ ਕੋਡ (ਕੋਡ)* ਬਾਰੇ ਜਾਣ-ਪਛਾਣ
- ਰਿਹਾਇਸ਼ਾਂ ਇਕ ਸੁਰੱਖਿਅਤ ਖੇਤਰ ਵਜੋਂ
- ਟ੍ਰਿਬਿਊਨਲ ਤੋਂ ਅਸਲੀ ਕਹਾਣੀਆਂ
- ਸਵਾਲ ਅਤੇ ਜਵਾਬ – ਸਿੱਟਾ

**ਚੇਤੇ ਰੱਖਣ ਵਾਲੀ ਗੱਲ: ਅਸੀਂ ਪਬਲਿਕ ਨੂੰ ਜਾਣਕਾਰੀ ਦੇ ਰਹੇ ਹਾਂ ਅਤੇ ਕਾਨੂੰਨੀ ਸਲਾਹ ਨਹੀਂ।*

# ਸਿੱਖਣ ਦੇ ਉਦੇਸ਼

ਇਸ ਸੈਸ਼ਨ ਦੇ ਅੰਤ ਤੱਕ ਤੁਸੀਂ ਇਹ ਸਿੱਖਣ ਦੇ ਯੋਗ ਹੋਵੋਗੇ:

- ਬੀ.ਸੀ.ਦੇ *ਹਿਊਮਨ ਰਾਈਟਸ ਕੋਡ* ਨੂੰ ਮਨੁੱਖੀ ਹੱਕਾਂ ਦੇ ਹੋਰ ਕਾਨੂੰਨਾਂ ਵਿਚ ਦੇਖਣ ਦੇ
- ਬੀ.ਸੀ. ਹਿਊਮਨ ਰਾਈਟਸ ਸਿਸਟਮ ਵਿਚ ਵਰਤੇ ਜਾਂਦੇ ਸ਼ਬਦਾਂ ਦੀ ਪਛਾਣ ਕਰਨ ਦੇ
- ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਵਿਤਕਰੇ ਦੀ ਪਛਾਣ ਕਰਨ ਦੇ
- ਇਹ ਪਛਾਣ ਕਰਨ ਦੇ ਕਿ ਮਨੁੱਖੀ ਹੱਕਾਂ ਦੀਆਂ ਸ਼ਿਕਾਇਤਾਂ ਕਰਨ ਲਈ ਕਿਹੜੀਆਂ ਸੁਰੱਖਿਅਤ ਨਿੱਜੀ ਵਿਸ਼ੇਸ਼ਤਾਵਾਂ ਵਰਤੀਆਂ ਜਾ ਸਕਦੀਆਂ ਹਨ



# ਅਸੀਂ ਹਾਂ...

**ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਦਾ ਦਫਤਰ**

17 ਸਾਲਾਂ ਦੀ ਗੈਰਹਾਜ਼ਰੀ ਬਾਅਦ ਸਾਨੂੰ 2019 ਵਿਚ ਦੁਬਾਰਾ ਬਹਾਲ ਕੀਤਾ ਗਿਆ ਸੀ।

**ਸਾਡੇ ਕੋਲ ਇਨ੍ਹਾਂ ਸ਼ਹਿਰਾਂ ਵਿਚ ਸਟਾਫ ਹੈ...**

ਪ੍ਰਿੰਸ ਜੌਰਜ, ਕਲੋਨਾ, ਵੈਨਕੂਵਰ ਅਤੇ ਵਿਕਟੋਰੀਆ

British Columbia's
**Office of the Human Rights Commissioner**



# ਸਾਨੂੰ ਸਰਕਾਰੀ ਆਦੇਸ਼

ਕਾਨੂੰਨਾਂ, ਨੀਤੀਆਂ, ਅਮਲਾਂ ਅਤੇ ਸਭਿਆਚਾਰਾਂ ਦੇ ਉਪਾਵਾਂ ਨਾਲ ਬੀ.ਸੀ. ਵਿਚ ਨਾਬਰਾਬਰੀ, ਵਿਤਕਰੇ ਅਤੇ ਬੇਇਨਸਾਫੀ ਦੇ ਬੁਨਿਆਦੀ ਕਾਰਨਾਂ ਨੂੰ ਫੜਨਾ। ਅਸੀਂ ਇਹ ਕੰਮ ਸਿੱਖਿਆ, ਖੋਜ, ਐਡਵੋਕੇਸੀ, ਇਨਕੁਆਰੀ ਅਤੇ ਨਿਗਰਾਨੀ ਨਾਲ ਕਰਦੇ ਹਾਂ।

ਫੋਟੋ: ਬੀ ਸੀ ਹਿਊਮਨ ਰਾਈਟਸ ਕਮਿਸ਼ਨਰ ਕਾਸਾਰੀ ਗੋਵੇਂਦਰ

# ਬੀ ਸੀ ਵਿਚ ਮਨੁੱਖੀ ਹੱਕ





**ਬੀ ਸੀ ਹਿਊਮਨ ਰਾਈਟਸ ਕਲੀਨਿਕ (ਅਤੇ ਹੋਰ)**

ਟ੍ਰਿਬਿਊਨਲ ਅੱਗੇ ਸ਼ਿਕਾਇਤ ਲਿਆਉਣ ਵਿਚ ਵਿਅਕਤੀਆਂ ਦੀ ਮਦਦ ਕਰਦਾ ਹੈ



**ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ***

ਵਿਅਕਤੀਆਂ ਦੀਆਂ ਸ਼ਿਕਾਇਤਾਂ ਸੁਣਦਾ ਅਤੇ ਫੈਸਲਾ ਕਰਦਾ ਹੈ



**ਬੀ ਸੀ ਦਾ ਹਿਊਮਨ ਰਾਈਟਸ ਕਮਿਸ਼ਨਰ ਦਾ ਦਫਤਰ**

ਵਿਤਕਰੇ ਦੇ ਬੁਨਿਆਦੀ ਕਾਰਨਾਂ ਦਾ ਹੱਲ ਕਰਦਾ ਹੈ

*ਜੇ ਤੁਸੀਂ ਕਿਸੇ ਯੂਨੀਅਨ ਨਾਲ ਸੰਬੰਧ ਰੱਖਦੇ ਹੋ ਅਤੇ ਤੁਹਾਡੇ ਨਾਲ ਕੰਮ `ਤੇ ਵਿਤਕਰਾ ਹੋਇਆ ਹੈ ਤਾਂ ਤੁਸੀਂ ਆਪਣੀ ਯੂਨੀਅਨ ਨਾਲ ਗੱਲ ਕਰਨਾ ਚਾਹੁੰਦੇ ਹੋ ਸਕਦੇ ਹੋ। ਯੂਨੀਅਨਾਂ ਮਨੁੱਖੀ ਹੱਕਾਂ ਦੇ ਮਾਮਲਿਆਂ ਬਾਰੇ ਸ਼ਿਕਾਇਤਾਂ ਦਰਜ ਕਰਵਾਉਣ ਵਿਚ ਮੁਲਾਜ਼ਮਾਂ ਦੀ ਮਦਦ ਕਰ ਸਕਦੀਆਂ ਹਨ।

# ਰਿਹਾਇਸ਼ ਪ੍ਰਦਾਨ ਕਰਨ ਵਾਲੇ ਵਜੋਂ ਤੁਹਾਡੇ ਫਰਜ਼



ਰਿਹਾਇਸ਼ ਪ੍ਰਦਾਨ ਕਰਨ ਵਾਲੇ ਵਜੋਂ, ਬੀ.ਸੀ. ਦੇ ਹਿਊਮਨ ਰਾਈਟਸ ਕੋਡ ਨੂੰ ਬਰਕਰਾਰ ਰੱਖਣ ਤੁਹਾਡਾ ਫਰਜ਼ ਹੈ।



# ਹਿਊਮਨ ਰਾਈਟਸ 101 ਵੀਡਿਓ




https://www.youtube.com/watch?v=-1Kxw5g-TMc

# ਮਨੁੱਖੀ ਹੱਕਾਂ ਦੇ ਤਿੰਨ ਪੱਧਰ



# ਮੈਂ ਕਿੱਥੇ ਸੁਰੱਖਿਅਤ ਹਾਂ?

## ਖੇਤਰ

ਕੋਡ ਰੋਜ਼ਾਨਾ ਜ਼ਿੰਦਗੀ ਦੇ ਖਾਸ **ਖੇਤਰਾਂ** ਵਿਚ ਵਿਤਕਰੇ ਦੀ ਮਨਾਹੀ ਕਰਦਾ ਹੈ।



# ਕੀ ਸੁਰੱਖਿਅਤ ਹੈ?

## ਵਿਸ਼ੇਸ਼ਤਾਵਾਂ

ਉਨ੍ਹਾਂ **ਖੇਤਰਾਂ** ਵਿਚ, ਕਿਸੇ ਵਿਅਕਤੀ ਖਿਲਾਫ ਉਸ ਦੀਆਂ ਨਿੱਜੀ **ਵਿਸ਼ੇਸ਼ਤਾਵਾਂ** ਕਾਰਨ ਵਿਤਕਰਾ ਕਰਨਾ ਗੈਰਕਾਨੂੰਨੀ ਹੈ।

## ਰੁਜ਼ਗਾਰ



## ਰਿਹਾਇਸ਼



ਉਮਰ, ਅਪਾਰਧਿਕ ਸਜ਼ਾਵਾਂ,
ਲਿੰਗ ਪਛਾਣ ਜਾਂ ਪ੍ਰਗਟਾਅ, ਪਰਿਵਾਰਕ ਦਰਜਾ,
ਵਿਆਹੁਤਾ ਸਥਿਤੀ, ਵੰਸ਼, ਰੰਗ, ਜਨਮ ਸਥਾਨ,
ਨਸਲ, ਮਾਨਸਿਕ ਡਿਸਏਬਿਲਟੀ, ਸਰੀਰਕ
ਡਿਸਏਬਿਲਟੀ, ਸੈਕਸ, ਕਾਮੁਕ ਰੁਚੀ,
ਆਮਦਨ ਦਾ ਸ੍ਰੋਤ, ਆਦਿਵਾਸੀ ਪਛਾਣ,
ਰਾਜਨੀਤਕ ਵਿਚਾਰ, ਧਰਮ

## ਸੇਵਾਵਾਂ



## ਲਿਖਤਾਂ



| ਬੀ.ਸੀ. ਦਾ *ਹਿਊਮਨ ਰਾਈਟਸ ਕੋਡ* | ਰੁਜ਼ਗਾਰ | ਸੇਵਾਵਾਂ | ਰਿਹਾਇਸ਼ - ਕਿਰਾਏਦਾਰੀ | ਰਿਹਾਇਸ਼ - ਖਰੀਦ |
|---|---|---|---|---|
| ਵਿਆਹੁਤਾ ਸਥਿਤੀ | ✓ | ✓ | ✓ | ✓ |
| ਧਰਮ | ✓ | ✓ | ✓ | ✓ |
| ਲਿੰਗ ਪਛਾਣ/ਪ੍ਰਗਟਾਅ | ✓ | ✓ | ✓ | ✓ |
| ਵੰਸ਼ | ✓ | ✓ | ✓ | ✓ |
| ਰੰਗ | ✓ | ✓ | ✓ | ✓ |
| ਜਨਮ ਸਥਾਨ | ✓ | ✓ | ✓ | ✓ |
| ਨਸਲ | ✓ | ✓ | ✓ | ✓ |
| ਡਿਸਏਬਿਲਟੀ | ✓ | ✓ | ✓ | ✓ |
| ਸੈਕਸ | ✓ | ✓ | ✓ | ✓ |
| ਕਾਮੁਕ ਰੁਚੀ | ✓ | ✓ | ✓ | ✓ |
| ਆਦਿਵਾਸੀ ਪਛਾਣ | ✓ | ✓ | ✓ | ✓ |
| ਉਮਰ | ✓ | ✓ | ✓ | |
| ਪਰਿਵਾਰਕ ਦਰਜਾ | ✓ | ✓ | ✓ | |
| ਅਪਾਰਧਿਕ ਸਜ਼ਾਵਾਂ | ✓ | | | |
| ਰਾਜਨੀਤਕ ਵਿਚਾਰ | ✓ | | | |
| ਆਮਦਨ ਦਾ ਕਾਨੂੰਨੀ ਵਸੀਲਾ | | | ✓ | |

# ਸਵਾਲਾਂ ਅਤੇ ਜਵਾਬਾਂ ਬਾਰੇ ਚੇਤਾ

# ਵਿਤਕਰਾ ਕੀ ਹੈ?

ਕਿਸੇ ਨਿੱਜੀ ਵਿਸ਼ੇਸ਼ਤਾ ਨਾਲ ਸੰਬੰਧਿਤ ਨੁਕਸਾਨਦੇਹ ਵਰਤਾਉ ਦਾ ਸੰਕੇਤ ਦਿੰਦਾ ਹੈ।

ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਕਿਸੇ ਵਿਅਕਤੀ ਨਾਲ ਵਿਤਕਰਾ ਹੋਇਆ ਹੈ ਜੇ ਅੱਗੇ ਦਿੱਤੇ ਸਾਰੇ ਠੀਕ ਹਨ:

1. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਹਨ ਜਿਹੜੀਆਂ ਕੋਡ ਹੇਠ ਸੁਰੱਖਿਅਤ ਹਨ
2. ਉਨ੍ਹਾਂ ਦਾ ਨੁਕਸਾਨ ਹੋਇਆ ਹੈ (ਇਸ ਨੂੰ "ਅਡਵਰਸ ਇਮਪੈਕਟ" ਵੀ ਆਖਿਆ ਜਾਂਦਾ ਹੈ)
3. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਨੁਕਸਾਨ ਵਿਚ ਇਕ ਪੱਖ ਹਨ

# ਕੀ ਵਿਤਕਰਾ ਨਹੀਂ ਹੈ?

ਭਾਵੇਂ ਵਿਤਕਰਾ **ਨੁਕਸਾਨਦੇਹ ਵਰਤਾਉ** ਦਾ ਸੰਕੇਤ ਦਿੰਦਾ ਹੈ, ਪਰ ਵਰਤਾਉ ਵਿਚ ਹਰ ਫਰਕ ਵਿਤਕਰਾ ਨਹੀਂ ਹੈ।



# ਰਿਹਾਇਸ਼ਾਂ ਪ੍ਰਦਾਨ ਕਰਨ ਵਾਲਿਆਂ ਲਈ ਆਧਾਰ

ਕਿਸੇ ਐਕਸ਼ਨ ਦੇ ਵਿਤਕਰੇ ਵਾਲਾ ਦਿਖਾਈ ਦੇਣ `ਤੇ ਰਿਹਾਇਸ਼ ਪ੍ਰਦਾਨ ਕਰਨ ਵਾਲਾ ਇਹ ਸਾਬਤ ਕਰਕੇ ਸਫ਼ਾਈ ਦੇ ਸਕਦਾ ਹੈ ਕਿ ਇਹ ਤਿੰਨ ਚੀਜ਼ਾਂ ਸਹੀ ਹਨ:

- ਵਤੀਰੇ ਦਾ ਕੋਈ ਵਾਜਬ ਰਿਹਾਇਸ਼ੀ ਜਾਂ ਬਿਜ਼ਨਸ ਨਾਲ ਸੰਬੰਧਿਤ ਮੰਤਵ ਹੈ
- ਵਤੀਰਾ ਇਸ ਕਰਕੇ ਅਪਣਾਇਆ ਗਿਆ ਕਿਉਂਕਿ ਉਸ ਨੇ ਸੋਚਿਆ ਕਿ ਆਪਣਾ ਮੰਤਵ ਪੂਰਾ ਕਰਨ ਲਈ ਇਹ ਜ਼ਰੂਰੀ ਸੀ
- ਨਾ-ਵਾਜਬ ਤੰਗੀ ਦੇ ਪੋਆਇੰਟ `ਤੇ ਪਹੁੰਚੇ ਬਿਨਾਂ ਇਹ ਕੀਤਾ ਜਾਣਾ ਅਸੰਭਵ ਹੈ

# ਪ੍ਰਬੰਧ ਕਰਨ ਦੀ ਜ਼ਿੰਮੇਵਾਰੀ

ਦੋ ਮਹੱਤਵਪੂਰਨ ਹਿੱਸੇ:

- ਰੁਕਾਵਟਾਂ ਹਟਾਉਣ ਲਈ ਸਾਰੇ ਵਾਜਬ ਯਤਨ ਕਰਨ ਦੀ ਜ਼ਿੰਮੇਵਾਰੀ ਤਾਂ ਜੋ ਤੁਹਾਡੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਬਰਾਬਰ ਹਿੱਸਾ ਲੈ ਸਕਣ

- ਜਾਂਚ ਕਰਨ ਦੀ ਜ਼ਿੰਮੇਵਾਰੀ



# ਨਾ-ਵਾਜਬ ਤੰਗੀ

...ਉਹ ਪੋਆਇੰਟ ਹੈ ਜਿੱਥੇ ਹਰ ਉਹ ਚੀਜ਼ ਕੀਤੀ ਗਈ ਹੈ ਜਿਹੜੀ ਵਾਜਬ ਤੌਰ `ਤੇ ਸੰਭਵ ਹੈ,

ਅਤੇ

ਰਿਹਾਇਸ਼ ਪ੍ਰਦਾਨ ਕਰਨ ਵਾਲੇ ਤੋਂ ਹੋਰ ਕਰਨ ਦੀ ਆਸ ਰੱਖਣਾ ਨਾਵਾਜਬ ਹੋਵੇਗਾ।



# ਉਪਰਾਲੇ



ਉਪਰਾਲਾ ਮੁਆਵਜ਼ੇ ਦਾ ਇਕ ਰੂਪ ਹੈ – ਨਾ ਸਿਰਫ ਵਿੱਤੀ – ਜਦੋਂ ਕਿਸੇ ਦੀ ਮਨੁੱਖੀ ਹੱਕਾਂ ਬਾਰੇ ਸ਼ਿਕਾਇਤ ਕਾਮਯਾਬ ਹੁੰਦੀ ਹੈ।

# ਟ੍ਰਿਬਿਊਨਲ ਤੋਂ ਅਸਲੀ ਕਹਾਣੀਆਂ

# ਕੀ ਤੁਹਾਨੂੰ ਯਾਦ ਹੈ ਕਿ ਵਿਤਕਰੇ ਦੀ ਪਛਾਣ ਕਿਵੇਂ ਕਰਨੀ ਹੈ?

ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਕਿਸੇ ਵਿਅਕਤੀ ਨਾਲ ਵਿਤਕਰਾ ਹੋਇਆ ਹੈ ਜੇ ਅੱਗੇ ਦਿੱਤੇ ਸਾਰੇ ਠੀਕ ਹਨ:

1. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਹਨ ਜਿਹੜੀਆਂ ਕੋਡ ਹੇਠ ਸੁਰੱਖਿਅਤ ਹਨ
2. ਉਨ੍ਹਾਂ ਦਾ ਨੁਕਸਾਨ ਹੋਇਆ ਹੈ (ਇਸ ਨੂੰ "ਅਡਵਰਸ ਇਮਪੈਕਟ" ਵੀ ਆਖਿਆ ਜਾਂਦਾ ਹੈ)
3. ਉਨ੍ਹਾਂ ਦੀ ਨਿੱਜੀ ਵਿਸ਼ੇਸ਼ਤਾ (ਵਿਸ਼ੇਸ਼ਤਾਵਾਂ) ਨੁਕਸਾਨ ਵਿਚ ਇਕ ਪੱਖ ਹਨ



# ਕੇਸ ਦਾ ਦ੍ਰਿਸ਼ ਨੰਬਰ 1:  ਵਾਸ਼ਿੰਗ ਮਸ਼ੀਨ

- ਸਾਮੀਰ ਨੂੰ ਆਂਤੜੀਆਂ ਦੀ ਇਕ ਬੀਮਾਰੀ ਹੈ ਜਿਹੜੀ ਉਸ ਨੂੰ ਕਈ ਸਾਲਾਂ ਤੋਂ ਹੈ।
- ਨਤੀਜੇ ਵਜੋਂ, ਉਸ ਨੂੰ ਆਪਣੀ ਲਾਉਂਡਰੀ ਲਈ ਗਰਮ ਪਾਣੀ ਦੀ ਲੋੜ ਹੈ।
- ਸਾਮੀਰ ਕਿਰਾਏਦਾਰ ਹੈ ਅਤੇ ਉਸ ਦੇ ਅਪਾਰਟਮੈਂਟ ਦੇ ਕਿਰਾਏ ਵਿਚ ਲਾਉਂਡਰੀ ਸ਼ਾਮਲ ਹੈ।
- ਉਸ ਦੀ ਵਾਸ਼ਰ ਦਾ ਗਰਮ ਪਾਣੀ ਬੰਦ ਹੋ ਗਿਆ ਹੈ ਅਤੇ ਪਾਣੀ ਵਿੱਚੋਂ ਮੁਸ਼ਕ ਆਉਂਦਾ ਹੈ।
- ਉਸ ਦਾ ਲੈਂਡਲਾਰਡ ਇਕ ਟੈਕਨੀਸ਼ੀਅਨ ਨਾਲ ਮਸ਼ੀਨ ਚੈੱਕ ਕਰਦਾ ਹੈ ਅਤੇ ਇਹ ਸਿੱਟਾ ਕੱਢਦਾ ਹੈ ਕਿ ਵਾਸ਼ਿੰਗ ਮਸ਼ੀਨ ਵਿਚ ਪਾਣੀ ਨੂੰ ਗਰਮ ਕਰਨ ਦਾ ਫੰਕਸ਼ਨ ਨਹੀਂ ਹੈ।
- ਸਾਮੀਰ ਆਪਣੀ ਬੀਮਾਰੀ ਬਾਰੇ ਅਤੇ ਆਪਣੇ ਕੱਪੜਿਆਂ ਨੂੰ ਸੈਨੀਟਾਈਜ਼ ਕਰਨ ਲਈ ਗਰਮ ਪਾਣੀ ਦੀ ਲੋੜ ਬਾਰੇ ਦੱਸਦਾ ਹੈ ਅਤੇ ਇਹ ਬੇਨਤੀ ਕਰਦਾ ਹੈ ਕਿ ਲੈਂਡਲਾਰਡ ਉਸ ਨੂੰ ਇਸ ਤਰ੍ਹਾਂ ਦੀ ਵਾਸ਼ਿੰਗ ਮਸ਼ੀਨ ਦੇਵੇ ਜਿਹੜੀ ਪਾਣੀ ਨੂੰ ਗਰਮ ਕਰਨ ਦੇ ਯੋਗ ਹੋਵੇ।
- ਲੈਂਡਲਾਰਡ ਨਾਂਹ ਕਰ ਦਿੰਦਾ ਹੈ, ਇਹ ਕਹਿੰਦੇ ਹੋਏ ਕਿ ਮਸ਼ੀਨ ਕੰਮ ਕਰ ਰਹੀ ਹੈ ਅਤੇ ਕੋਈ ਚੀਜ਼ ਕਿੰਨੀ ਕੁ ਸਾਫ ਹੈ ਇਹ ਸਿਰਫ ਖਿਆਲ ਹੈ।
- ਸਾਮੀਲ ਪਾਣੀ ਗਰਮ ਕਰਨ ਦੀ ਸਮਰੱਥਾ ਵਾਲੀ ਇਕ ਵਾਸ਼ਿੰਗ ਮਸ਼ੀਨ ਸੇਲ `ਤੇ ਲੱਭ ਲੈਂਦਾ ਹੈ ਅਤੇ ਲੈਂਡਲਾਰਡ ਨੂੰ ਕਹਿੰਦਾ ਹੈ ਕਿ ਉਹ ਪੁਰਾਣੀ ਮਸ਼ੀਨ ਯੂਨਿਟ ਤੋਂ ਚੁੱਕ ਲਵੇ।
- ਲੈਂਡਲਾਰਡ ਨਾਂਹ ਕਰ ਦਿੰਦਾ ਹੈ।

# ਕੇਸ ਦਾ ਦ੍ਰਿਸ਼ ਨੰਬਰ 2:  ਧੂਫ ਦੇਣਾ

- ਫਰਾਂਸਿਸ ਇਕ ਆਦਿਵਾਸੀ ਔਰਤ ਹੈ।
- ਧੂਫ ਦੇਣਾ ਉਸ ਦੀ ਰੂਹਾਨੀ ਪ੍ਰੈਕਟਿਸ ਅਤੇ ਨਾਲ ਨਾਲ ਉਸ ਦੀ ਆਦਿਵਾਸੀ ਪਛਾਣ ਦਾ ਹਿੱਸਾ ਹੈ।
- ਧੂਫ ਦੇਣ ਲਈ ਉਹ ਇਕ ਸਿੱਪੀ ਵਿਚ ਸੇਜ ਨੂੰ ਬਾਲਦੀ ਹੈ ਅਤੇ ਧੂੰਆਂ ਪੈਦਾ ਕਰਨ ਲਈ ਇਸ ਨੂੰ ਬਾਜ ਖੰਭ ਨਾਲ ਪੱਖਾ ਝੱਲਦੀ ਹੈ।
- ਉਸ ਨੇ ਸਾਰਾਹ ਦੇ ਚਾਰ ਸੂਈਟਾਂ ਵਾਲੇ ਡੂਪਲਿਕਸ ਵਿਚ ਇਕ ਬੇਸਮੈਂਟ ਕਿਰਾਏ `ਤੇ ਲਈ ਹੋਈ ਹੈ।
- ਸਾਰਾਹ, ਇਕ ਦਿਨ ਫਰਾਂਸਿਸ ਤੋਂ ਉਪਰਲੇ ਯੂਨਿਟ ਵਿਚ ਹੈ ਅਤੇ ਉਸ ਨੂੰ ਲੱਗਦਾ ਹੈ ਕਿ ਫਰਾਂਸਿਸ ਦੀ ਸੂਈਟ ਵਿੱਚੋਂ ਭੰਗ ਪੀਣ ਦਾ ਮੁਸ਼ਕ ਆ ਰਿਹਾ ਹੈ।
- ਸਰਾਹ, ਫਰਾਂਸਿਸ ਨਾਲ ਗੱਲ ਕਰਦੀ ਹੈ ਅਤੇ ਫਰਾਂਸਿਸ ਉਸ ਨੂੰ ਦੱਸਦੀ ਹੈ ਕਿ ਉਹ ਧੂਫ ਦੇ ਰਹੀ ਹੈ ਅਤੇ ਇਹ ਵੀ ਦੱਸਦੀ ਹੈ ਕਿ ਕਿਉਂ ਦੇ ਰਹੀ ਹੈ।
- ਸਾਰਾਹ ਉਸ `ਤੇ ਯਕੀਨ ਨਹੀਂ ਕਰਦੀ ਪਰ ਇਹ ਵੀ ਕਹਿੰਦੀ ਹੈ ਕਿ ਭਾਵੇਂ ਫਰਾਂਸਿਸ ਧੂਫ ਵੀ ਦੇ ਰਹੀ ਹੋਵੇ, ਇਸ ਦਾ ਮੁਸ਼ਕ ਬਹੁਤ ਜ਼ਿਆਦਾ ਹੈ ਅਤੇ ਇਹ ਹੋਰ ਕਿਰਾਏਦਾਰਾਂ ਨੂੰ ਬੌਂਦਰ ਕਰ ਸਕਦਾ ਹੈ।
- ਫਰਾਂਸਿਸ ਧੂਫ ਦੇਣਾ ਜਾਰੀ ਰੱਖਦੀ ਹੈ ਅਤੇ ਸਾਰਾਹ ਉਸ ਤੋਂ ਬੇਸਮੈਂਟ ਖਾਲੀ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ।
- ਫਰਾਂਸਿਸ ਨੂੰ ਕਾਮਯਾਬੀ ਨਾਲ ਕੱਢਣ ਵਿਚ ਸਾਰਾਹ ਫੇਲ੍ਹ ਹੋ ਜਾਂਦੀ ਹੈ, ਪਰ ਫਰਾਂਸਿਸ ਨੂੰ ਜਦੋਂ ਹੀ ਨਵੀਂ ਥਾਂ ਮਿਲ ਜਾਂਦੀ ਹੈ ਤਾਂ ਉਹ ਮੂਵ ਹੋ ਜਾਂਦੀ ਹੈ।

# ਕੇਸ ਦਾ ਦ੍ਰਿਸ਼ ਨੰਬਰ 3:  ਏਅਰ ਬੀ ਐੱਨ ਬੀ

- ਡੇਵ ਇਕ ਸਟਰੈਟਾ ਕੰਪਲੈਕਸ ਵਿਚ ਯੂਨਿਟ ਦਾ ਮਾਲਕ ਹੈ।
- ਉਹ ਡਿਸਏਬਿਲਟੀ ਅਸਿਸਟੈਂਸ ਲੈ ਰਿਹਾ ਹੈ ਅਤੇ ਆਪਣੀ ਆਮਦਨ ਵਧਾਉਣ ਲਈ ਆਪਣਾ ਦੂਜਾ ਬੈੱਡਰੂਮ ਏਅਰ ਬੀ ਐੱਨ ਬੀ `ਤੇ ਕਿਰਾਏ ਉੱਪਰ ਦੇਣਾ ਚਾਹੁੰਦਾ ਹੈ।
- ਇਕ ਗੁਆਂਢੀ ਇਹ ਸ਼ਿਕਾਇਤ ਕਰਦਾ ਹੈ ਕਿ ਇਹ ਪ੍ਰੈਕਟਿਸ ਸਟਰੈਟਾ ਦੇ ਬਾਈਲਾਅਜ਼ ਦੀ ਉਲੰਘਣਾ ਕਰਦੀ ਹੈ।
- ਡੇਵ ਬਾਈਲਾਅਜ਼ ਵਿਚ ਸੋਧ ਕਰਨ ਲਈ ਇਕ ਮਤਾ ਤਜਵੀਜ਼ ਕਰਦਾ ਹੈ, ਪਰ ਇਹ ਫੇਲ੍ਹ ਹੋ ਜਾਂਦਾ ਹੈ।
- ਅੰਤ ਨੂੰ, ਡੇਵ ਇਹ ਬੇਨਤੀ ਕਰਦਾ ਹੈ ਕਿ ਮਾਇਕ ਤੰਗੀ ਦੇ ਆਧਾਰ `ਤੇ ਉਸ ਨੂੰ ਛੋਟ ਦਿੱਤੀ ਜਾਵੇ।
- ਸਟਰੈਟਾ ਉਸ ਦੀ ਛੋਟ ਲਈ ਬੇਨਤੀ ਇਸ ਕਰਕੇ ਰੱਦ ਕਰ ਦਿੰਦੀ ਹੈ ਕਿ ਉਨ੍ਹਾਂ ਅਨੁਸਾਰ ਉਸ ਨੇ ਮਾਇਕ ਤੰਗੀ ਨਹੀਂ ਦਿਖਾਈ।
- ਸਟਰੈਟਾ ਹੋਰ ਮਾਲਕਾਂ ਵਲੋਂ ਬਿਲਡਿੰਗ ਵਿਚ ਏਅਰ ਬੀ ਐੱਨ ਬੀ ਚਲਾਉਣ ਦੀ ਆਗਿਆ ਦੇਣ ਦਾ “ਤਕਰੀਬਨ ਸਰਬਸੰਮਤੀ ਨਾਲ ਵਿਰੋਧ” ਵੀ ਨੋਟ ਕਰਦੀ ਹੈ।

# ਅਸੀਂ ਕੀ ਕਵਰ ਕੀਤਾ ਹੈ

- ਬੀ.ਸੀ.ਦੇ *ਹਿਊਮਨ ਰਾਈਟਸ ਕੋਡ* ਨੂੰ ਮਨੁੱਖੀ ਹੱਕਾਂ ਦੇ ਹੋਰ ਕਾਨੂੰਨਾਂ ਵਿਚ ਦੇਖਿਆ
- ਬੀ.ਸੀ. ਹਿਊਮਨ ਰਾਈਟਸ ਸਿਸਟਮ ਵਿਚ ਵਰਤੇ ਜਾਂਦੇ ਸ਼ਬਦਾਂ ਦੀ ਪਛਾਣ ਕੀਤੀ
- ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਹੇਠ ਵਿਤਕਰੇ ਦੀ ਪਛਾਣ ਕੀਤੀ
- ਇਹ ਪਛਾਣ ਕੀਤੀ ਕਿ ਮਨੁੱਖੀ ਅਧਿਕਾਰਾਂ ਦੀਆਂ ਸ਼ਿਕਾਇਤਾਂ ਕਰਨ ਲਈ ਕਿਹੜੀਆਂ ਸੁਰੱਖਿਅਤ ਨਿੱਜੀ ਵਿਸ਼ੇਸ਼ਤਾਵਾਂ ਵਰਤੀਆਂ ਜਾ ਸਕਦੀਆਂ ਹਨ

# ਸਵਾਲ ਅਤੇ ਜਵਾਬ

British Columbia's
**Office of the Human Rights Commissioner**

# ਧੰਨਵਾਦ

ਹੋਰ ਵਸੀਲਿਆਂ ਲਈ **bchumanrights.ca**
`ਤੇ ਜਾਓ ਜਾਂ ਸਾਨੂੰ ਸੋਸ਼ਲ ਮੀਡੀਆ ਉੱਪਰ ਲੱਭੋ

**@humanrights4bc**

**ਸਾਨੂੰ ਈਮੇਲ ਕਰੋ:**
info@bchumanrights.ca